futuretopper.in

SET-1

Series SGN

ਕੋਡ ਨੰ. **226/1**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **24** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **24** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

ਅਰਥਸ਼ਾਸਤ੍ਰ

(ਪੰਜਾਬੀ ਉਲਥਾ)

ECONOMICS

(Punjabi Version)

ਸਮਾਂ ਸੀਮਾਂ : 3 ਘੰਟੇ | *ਪੂਰਨ ਅੰਕ : 80*

Time allowed : 3 hours | *Maximum Marks : 80*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

ਵਿਆਪਕ ਨਿਰਦੇਸ਼:

(i) *ਦੋਹਾਂ ਖੰਡਾਂ ਦੇ* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

(ii) *ਹਰ ਇਕ ਪ੍ਰਸ਼ਨ ਦੇ ਨਿਰਧਾਰਿਤ ਅੰਕ ਉਸਦੇ ਸਾਹਮਣੇ ਦਿਤੇ ਗਏ ਹਨ ।*

(iii) *ਪ੍ਰਸ਼ਨ ਸੰਖਿਆ* ***1 – 4*** *ਅਤੇ* ***13 – 16*** *ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦਾ* ***1*** *ਅੰਕ ਹੈ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ ਕੇਵਲ* ***ਇੱਕ ਵਾਕ*** *ਵਿਚ ਦਿਓ ।*

(iv) *ਪ੍ਰਸ਼ਨ ਸੰਖਿਆ* ***5 – 6*** *ਅਤੇ* ***17 – 18*** *ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***3*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***60*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

(v) *ਪ੍ਰਸ਼ਨ ਸੰਖਿਆ* ***7 – 9*** *ਅਤੇ* ***19 – 21*** *ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***70*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

(vi) *ਪ੍ਰਸ਼ਨ ਸੰਖਿਆ* ***10 – 12*** *ਅਤੇ* ***22 – 24*** *ਵਿਆਖਿਆਤਮਕ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***100*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

(vii) *ਉੱਤਰ ਸੰਖੇਪ ਅਤੇ ਢੁਕਵੇ ਹੋਣੇ ਚਾਹੀਦੇ ਹਨ ਅਤੇ ਕੋਸਿਸ਼ ਕਰੋ ਕਿ ਦਿੱਤੀ ਹੋਈ ਸੀਮਾ ਵਿੱਚ ਹੀ ਦਿੱਤੇ ਜਾਣ ।*

ਖੰਡ ਅ

1. ਸਕਾਰਾਤਮਕ (ਆਦਰਸ਼ਕ) ਅਰਥ ਸ਼ਾਸਤਰ ਦਾ ਇਕ ਉਦਾਹਰਣ ਦਿਓ । *1*

2. ਸਥਿਰ ਲਾਗਤ ਦੀ ਪਰਿਭਾਸ਼ਾ ਦਿਓ । *1*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

3. ਜਦੋਂ ਔਸਤ ਉਤਪਾਦ ਵਧ ਤੋਂ ਵਧ ਹੁੰਦਾ ਹੈ, ਤਾ ਸੀਮਾਂਤ ਉਤਪਾਦ : (ਸਹੀ ਵਿਕਲਪ ਚੁਣੋ) *1*

(a) ਔਸਤ ਉਤਪਾਦ ਦੇ ਬਰਾਬਰ ਹੁੰਦਾ ਹੈ

(b) ਔਸਤ ਉਤਪਾਦ ਤੋਂ ਘਟ ਹੁੰਦਾ ਹੈ

(c) ਔਸਤ ਉਤਪਾਦ ਤੋਂ ਜ਼ਿਆਦਾ ਹੁੰਦਾ ਹੈ

(d) ਉਪਰਲਿਆਂ ਵਿਚੋਂ ਕੋਈ ਵੀ ਹੋ ਸਕਦਾ ਹੈ

4. ਜਦੋਂ 100 ਇਕਾਈਆਂ ਦਾ ਉਤਪਾਦਨ ਕਰਨ ਦੀ ਕੁਲ ਸਥਿਰ ਲਾਗਤ ₹ 30 ਹੋਵੇ ਅਤੇ ਔਸਤ ਪਰਿਵਰਤਨਸ਼ੀਲ (ਅਸਥਿਰ) ਲਾਗਤ ₹ 3 ਹੋਵੇ ਤਾਂ ਕੁਲ ਲਾਗਤ ਇਹ ਹੋਵੇਗੀ : (ਸਹੀ ਵਿਕਲਪ ਚੁਣੋ) *1*

(a) ₹ 3

(b) ₹ 30

(c) ₹ 270

(d) ₹ 330

5. ''ਕਿਸਦੇ ਲਈ ਉਤਪਾਦਨ ਕੀਤਾ ਜਾਏ'' ਦੀ ਕੇਂਦਰੀ ਸਮਸਿਆ ਸਮਝਾਓ । *3*

ਜਾਂ

''ਤਕਨੀਕ ਦੇ ਚੁਣਾਵ'' ਦੀ ਕੇਂਦਰੀ ਸਮਸਿਆ ਸਮਝਾਓ । *3*

6. ਬੇਲੋਚ ਮੰਗ ਤੋਂ ਕੀ ਭਾਵ ਹੈ ? ਪੂਰੀ ਤਰਾਂ ਬੇਲੋਚ ਮੰਗ ਨਾਲ ਇਸਦੀ ਤੁਲਨਾ ਕਰੋ । *3*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

7. ਇਕ ਵਸਤੂ ਦੀ ਕੀਮਤ ਪਤਾ ਹੋਣ ਤੇ ਇਕ ਉਪਭੋਗਤਾ ਇਹ ਕਿਵੇਂ ਫੈਸਲਾ ਕਰੇਗਾ ਕਿ ਉਹ ਉਸ ਵਸਤੂ ਦੀ ਕਿਤਨੀ ਮਾਤਰਾ ਖਰੀਦੇ ? ਸਮਝਾਓ । *4*

ਜਾਂ

ਅਨਧਿਮਾਨ ਵਕਰ ਕੀ ਹੈ ? ਅਨਧਿਮਾਨ ਵਕਰ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੋ । *4*

8. ਜਦੋਂ ਇਕ ਵਸਤੂ ਦੀ ਕੀਮਤ ₹ 4 ਪ੍ਰਤੀ ਇਕਾਈ ਤੋਂ ਵਧ ਕੇ ₹ 5 ਪ੍ਰਤੀ ਇਕਾਈ ਹੁੰਦੀ ਹੈ, ਤਾਂ ਇਸਦੀ ਬਜਾਰ ਪੂਰਤੀ 100 ਇਕਾਈ ਤੋਂ ਵਧ ਕੇ 120 ਇਕਾਈ ਹੋ ਜਾਂਦੀ ਹੈ । ਪੂਰਤੀ ਦੀ ਕੀਮਤ ਲੋਚ ਦਾ ਲੇਖਾ ਕਰੋ । ਕੀ ਪੂਰਤੀ ਲੋਚਦਾਰ ਹੈ ? ਕਾਰਣ ਦਿਓ । *4*

9. ਸਭ ਤੋਂ ਉਪਰਲੀ ਕੀਮਤ ਸੀਮਾ ਦਾ ਨਿਰਧਾਰਨ ਤੋਂ ਕੀ ਭਾਵ ਹੈ ? ਇਸਦੇ ਪਰਿਣਾਮ ਸਮਝਾਓ । *4*

10. ਅਨਧਿਮਾਨ (ਉਦਾਸੀਨ) ਵਕਰ ਵਿਸ਼ਲੇਸ਼ਣ ਰਾਹੀਂ ਇਕ ਉਪਭੋਗਤਾ ਦੇ ਸੰਤੁਲਨ ਦੀਆਂ ਸ਼ਰਤਾਂ ਸਮਝਾਓ । *6*

11. ਸੀਮਾਂਤ ਆਗਮ (ਸਮਪ੍ਰਾਪਤੀ) ਅਤੇ ਸੀਮਾਂਤ ਲਾਗਤ ਦੀ ਸਹਾਇਤਾ ਨਾਲ ਉਤਪਾਦਕ ਸੰਤੁਲਨ ਦੀਆਂ ਸ਼ਰਤਾਂ ਸਮਝਾਓ । *6*

12. ਏਕਾਧਿਕਾਰੀ ਪ੍ਰਤਿਯੋਗਤਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿੱਖੋ । ਇਨ੍ਹਾਂ ਵਿਚੋਂ ਕਿਹੜੀ ਵਿਸੇਸ਼ਤਾ ਇਸਨੂੰ ਪੂਰਨ ਪ੍ਰਤਿਯੋਗਤਾਂ ਤੋਂ ਵੱਖ ਕਰਦੀ ਹੈ ਅਤੇ ਕਿਉਂ ? *6*

ਜਾਂ

ਹੇਠ ਲਿਖਿਆਂ ਦੇ ਪਰਿਣਾਮ ਸਮਝਾਓ : *6*

(a) ਪੂਰਨ ਪ੍ਰਤਿਯੋਗਤਾ ਵਿਚ ਫਰਮਾਂ ਦੇ ਪ੍ਰਵੇਸ਼ ਕਰਨ ਅਤੇ ਉਦਯੋਗ ਛੋੜਨ ਦੀ ਆਜ਼ਾਦੀ

(b) ਅਲਪਾਧਿਕਾਰ ਵਿਚ ਗੈਰ-ਕੀਮਤ ਪ੍ਰਤਿਯੋਗਤਾ

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

ਖੰਡ ਬ

13. ਹੇਠ ਲਿਖਿਆਂ ਵਿਚੋਂ ਕਿਹੜਾ ਰਾਸ਼ਟਰੀ ਆਮਦਨ ਨੂੰ ਪ੍ਰਭਾਵਤ ਕਰਦਾ ਹੈ ? (ਸਹੀ ਵਿਕਲਪ ਚੁਣੋ) *1*

(a) ਵਸਤੂ ਅਤੇ ਸੇਵਾ ਕਰ

(b) ਨਿਗਮ ਕਰ

(c) ਆਰਥਿਕ ਸਹਾਇਤਾ

(d) ਉਪਰਲਿਆਂ ਵਿਚੋਂ ਕੋਈ ਵੀ ਨਹੀਂ

14. ਮੁਦਰਾ ਆਪੂਰਤੀ ਦੀ ਪਰਿਭਾਸ਼ਾ ਦਿਓ । *1*

15. ਕੇਂਦਰੀ ਬੈਂਕ ਅਜੇਹਾ ਕਰਕੇ ਰਿਣ (ਉਧਾਰ) ਦੀ ਉਪਲਬਧੀ ਵਧਾ ਸਕਦਾ ਹੈ : (ਸਹੀ ਵਿਕਲਪ ਚੁਣੋ) *1*

(a) ਪੁਨਰਖਰੀਦ ਦਰ (ਰੇਪੋ ਦਰ) ਵਧਾ ਕੇ

(b) ਪ੍ਰਤਿਪੁਨਰ ਖਰੀਦ ਦਰ (ਰਿਵਰਸ ਰੇਪੋ ਦਰ) ਵਧਾ ਕੇ

(c) ਸਰਕਾਰੀ ਪ੍ਰਤੀਭੂਤੀਆਂ ਖਰੀਦ ਕੇ

(d) ਸਰਕਾਰੀ ਪ੍ਰਤੀਭੂਤੀਆਂ ਵੇਚ ਕੇ

16. ਉਪਭੋਗਤਾ ਵਕਰ ਮੂਲ ਬਿੰਦੂ ਤੋਂ ਸ਼ੁਰੂ ਕਿਉਂ ਨਹੀਂ ਹੁੰਦਾ ? *1*

17. ਹੇਠ ਲਿਖੀਆਂ ਵਿਚੋਂ ਕਿਹੜੀਆਂ ਅੰਤਿਮ ਵਸਤਾਂ ਹਨ ਅਤੇ ਕਿਹੜੀਆਂ ਮਧਵਰਤੀ ? ਕਾਰਨ ਦਿਓ । *3*

(a) ਚਾਹ ਦੀ ਦੁਕਾਨ ਤੇ ਦੁਧ ਦੀ ਖਰੀਦ

(b) ਸਕੂਲ ਰਾਹੀਂ ਬਸ ਦੀ ਖਰੀਦ

(c) ਸਕੂਲ ਕੈਨਟੀਨ ਵਿਚੋਂ ਵਿਦਿਆਰਥੀ ਰਾਹੀਂ ਜੂਸ ਦੀ ਖਰੀਦ

ਜਾਂ

ਸਾਮਾਨਯ (nominal) ਆਮਦਨ ਪਤਾ ਹੋਣ ਤੇ ਅਸੀਂ ਵਾਸਤਵਿਕ ਆਮਦਨ ਕਿਵੇਂ ਪਤਾ ਕਰ ਸਕਦੇ ਹਾਂ ? ਸਮਝਾਓ । *3*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

18. ਗੁਣਕ ਦੀ ਪਰਿਭਾਸ਼ਾ ਦਿਓ । ਸੀਮਾਂਤ ਉਪਭੋਗ ਪਰਵਿਰਤੀ ਅਤੇ ਗੁਣਕ ਦੇ ਦਰਮਿਆਨ ਕੀ ਸੰਬੰਧ ਹੈ ? ਜੇਕਰ ਗੁਣਕ 4 ਹੈ ਤਾਂ ਸੀਮਾਂਤ ਉਪਭੋਗ ਪਰਵਿਰਤੀ ਦੇ ਮੁਲ ਦਾ ਲੇਖਾ ਕਰੋ । *3*

19. ਭਾਰਤੀ ਰਿਜ਼ਰਵ ਬੈਂਕ ਦੀ ''ਅੰਤਮ ਰਿਣਦਾਤਾ'' ਦੇ ਰੂਪ ਵਿਚ ਭੂਮਿਕਾ ਸਮਝਾਓ । *4*

20. ਮੁਦ੍ਰਾਸਫੀਤਿਕਾਰੀ ਅੰਤਰ ਤੋਂ ਕੀ ਭਾਵ ਹੈ ? ਇਸ ਨੂੰ ਘਟ ਕਰਨ ਦੇ ਤਿੰਨ ਉਪਾਅ ਦੱਸੋ । *4*

ਜਾਂ

ਸਮਗਰ ਮੰਗ ਤੋਂ ਕੀ ਭਾਵ ਹੈ ? ਇਸਦੇ ਘਟਕ (ਅੰਗ) ਦੱਸੋ । *4*

21. ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ 0·6 ਹੈ ਅਤੇ ਅਰਥਵਿਵਸਥਾ ਦੀ ਮੁਢਲੀ ਆਮਦਨ ₹ 100 ਕਰੋੜ ਹੈ । ਆਮਦਨ, ਉਪਭੋਗ ਅਤੇ ਬਚਤ ਦਰਸਾਂਦੇ ਹੋਏ ਇਕ ਸਾਰਣੀ ਬਣਾਓ । ਜੇਕਰ ਸਵਾਯਤ (ਸਵਾਧੀਨ) ਨਿਵੇਸ਼ ₹ 80 ਕਰੋੜ ਹੋਵੇ ਤਾਂ ਆਮਦਨ ਦਾ ਸੰਤੁਲਨ ਸਤਰ ਦਰਸਾਓ । *4*

22. ਹੇਠ ਲਿਖਿਆਂ ਦੇ ਅਰਥ ਸਮਝਾਓ : *6*

(a) ਰਾਜਸਵ (ਸਰਕਾਰੀ ਆਮਦਨ) ਘਾਟਾ

(b) ਰਾਜਕੋਸ਼ੀ (ਸਰਕਾਰੀ ਖਜਾਨੇ ਦਾ) ਘਾਟਾ

(c) ਮੁਢਲਾ ਘਾਟਾ

ਜਾਂ

ਸਰਕਾਰੀ ਬਜਟ ਦੇ ਹੇਠ ਲਿੱਖੇ ਉਦੇਸ਼ ਸਮਝਾਓ : *6*

(a) ਸੰਸਾਧਨਾਂ ਦੀ ਵੰਡ

(b) ਆਮਦਨ ਵਖੇਵਿਆਂ ਨੂੰ ਘਟ ਕਰਨਾ

23. (a) ਵਿਨਿਮੇ ਦਰ ਦੇ ਵਾਧੇ ਨਾਲ ਪਏ ਰਾਸ਼ਟਰੀ ਆਮਦਨ ਉਪਰ ਪ੍ਰਭਾਵ ਸਮਝਾਓ । *6*

(b) ਭੁਗਤਾਨ ਸੰਤੁਲਨ ਵਿਚ 'ਘਾਟੇ' ਦੀ ਧਾਰਨਾ ਸਮਝਾਓ ।

Official CBSE question paper from cbse.gov.in | futuretopper.in
futuretopper.in is not linked to or endorsed by CBSE

24. ਲੇਖਾ ਕਰੋ (a) ਬਜਾਰ ਕੀਮਤ ਉਪਰ ਨਿਵਲ ਰਾਸ਼ਟਰੀ ਉਤਪਾਦ, ਅਤੇ (b) ਸਾਧਨ ਲਾਗਤ ਉਪਰ ਸਕਲ ਘਰੇਲੂ ਉਤਪਾਦ : *4+2=6*

(₹ ਕਰੋੜਾਂ ਵਿਚ)

(i)	ਕਿਰਾਇਆ ਅਤੇ ਵਿਆਜ	6,000
(ii)	ਮਜ਼ਦੂਰੀ ਅਤੇ ਮਿਹਨਤਾਨਾ	1,800
(iii)	ਅਣਵੰਡਿਆ ਲਾਭ	400
(iv)	ਨਿਵਲ ਅਪ੍ਰਤੱਖ ਕਰ	100
(v)	ਆਰਥਕ ਸਹਾਇਤਾ	20
(vi)	ਨਿਗਮ ਕਰ	120
(vii)	ਵਿਦੇਸ਼ਾਂ ਨੂੰ ਨਿਵਲ ਕਾਰਕ ਆਮਦਨ	70
(viii)	ਲਾਭ ਅੰਸ਼	80
(ix)	ਅਚਲ ਪੂੰਜੀ ਦਾ ਉਪਭੋਗ	50
(x)	ਮਾਲਕਾਂ (ਨਿਯੋਜਕਾਂ) ਰਾਹੀਂ ਸਮਾਜਕ ਸੁਰਖਿਆ ਯੋਗਦਾਨ	200
(xi)	ਮਿਸ਼ਰਤ ਆਮਦਨ	1,000

Official CBSE question paper from cbse.gov.in | futuretopper.in